# ਭਗਤ ਰਵਿਦਾਸ - ਸਬਦ ੨੫

## ਸਹ ਕੀ ਸਾਰ ਸੁਹਾਗਨਿ ਜਾਨੈ ॥

### ਰਾਗੁ ਸੂਹੀ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੭੯੩

ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥੧॥
ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥
ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥
ਪੁਰ ਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥੨॥
ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥

ਸਾਰ: ਸੁਹਾਗਣ, ਭਾਗਸ਼ਾਲੀ, ਇਕਸੁਰ ਮਨ ਦੀ ਪ੍ਰਤੀਨਿਧਤਾ ਦਾ ਸੁੰਦਰ ਪ੍ਰਤੀਕ ਹੈ, ਇਹ ਇਕ ਅਜਿਹੀ ਅਵਸਥਾ ਹੈ ਜਿਸ ਵਿਚ ਵਿਚਾਰ, ਕਦਰਾਂ-ਕੀਮਤਾਂ ਅਤੇ ਕਿਰਿਆਵਾਂ ਇਕਸੁਰ ਹੁੰਦੀਆਂ ਹਨ। ਇਹ ਆਪਣੇ ਨਿੱਜਘਰ ਵਿਚਲੇ ਅਹਿਸਾਸ, ਜੋ ਸਥਿਰ ਅਤੇ ਅਸਲ ਨਾਲ ਜੁੜਿਆ ਹੋਵੇ, ਵਾਂਗ ਮਹਿਸੂਸ ਹੁੰਦਾ ਹੈ। ਜਦੋਂ ਕਿ ਭਾਵਨਾਵਾਂ ਨੂੰ ਅਨੁਭਵ ਅਤੇ ਸਵੀਕਾਰ ਕੀਤਾ ਜਾਂਦਾ ਹੈ, ਉਹ ਪ੍ਰਤੀਕਿਰਿਆਵਾਂ ਅਤੇ ਇਰਾਦਿਆਂ ਨੂੰ ਨਿਯੰਤਰਿਤ ਨਹੀਂ ਕਰਦੀਆਂ। ਇਸਦੇ ਉਲਟ, ਦੁਹਾਗਣ, ਉਸ ਅਭਾਗੇ, ਖੰਡਿਤ ਮਨ, ਦੀ ਦਸ਼ਾ ਨੂੰ ਦਰਸਾਉਂਦੀ ਹੈ ਜੋ ਡਰ, ਲਾਲਸਾਵਾਂ ਅਤੇ ਜਟਿਲ ਵਿਸ਼ਵਾਸਾਂ ਦੇ ਪ੍ਰਭਾਵ ਹੇਠ ਹੋਵੇ, ਅਤੇ ਕਈ ਦਿਸ਼ਾਵਾਂ

ਵੱਲ ਦੌੜ ਰਿਹਾ ਹੋਵੇ। ਇਹ ਇਕ ਪਾਸੇ ਸ਼ਾਂਤੀ ਲਈ ਤਰਸਦਾ ਹੈ, ਅਤੇ ਦੂਸਰੇ ਪਾਸੇ ਬਦਲਾਅ ਦਾ ਵਿਰੋਧ ਕਰਦਾ ਹੈ, ਜਿਸ ਨਾਲ ਮਨ ਬੇਚੈਨ ਮਹਿਸੂਸ ਕਰਦਾ ਹੈ। ਦੁਹਾਗਣ ਤੋਂ ਸੁਹਾਗਣ ਵਿਚਲਾ ਬਦਲਾਵ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਕੋਈ ਆਪਣੇ ਅਸਲ ਦੀ ਮੂਲ ਪ੍ਰਵਿਰਤੀ ਨੂੰ ਸਵਿਕਾਰ ਕਰ ਲੈਂਦਾ ਹੈ। ਇਹ ਸਵੀਕ੍ਰਿਤੀ ਸਾਨੂੰ ਸੁਚੇਤ ਚੋਣਾਂ ਕਰਨ ਦੇ ਸਮਰੱਥ ਬਣਾ ਕੇ, ਪੂਰਤੀ ਦਾ ਰਾਹ ਪੱਧਰਾ ਕਰਦੀ ਹੈ, ਜੋ ਸਰਵ ਵਿਆਪਕ ਤੌਰ 'ਤੇ ਲਾਭਦਾਇਕ ਹੁੰਦੇ ਹਨ।

ਸਹ ਕੀ ਸਾਰ ਸੁਹਾਗਨਿ ਜਾਨੈ ॥
ਸਿਰਫ਼ ਇਕ ਭਾਗਸ਼ਾਲੀ ਜੀਵਨ ਸਾਥੀ ਹੀ ਆਪਣੇ ਸਾਥੀ ਦੀ ਅਸਲ ਕੀਮਤ ਨੂੰ ਪਛਾਣਦਾ ਹੈ। ਇਸਦਾ ਅਰਥ ਹੈ ਕਿ ਇਕ ਅੰਤਹਕਰਣ, ਜੋ ਏਕਤਾ ਦੀ ਭਾਵਨਾ ਨਾਲ ਜੁੜਿਆ ਹੋਵੇ, ਪੂਰਨਤਾ ਦਾ ਅਨੁਭਵ ਕਰਦਾ ਹੈ।

ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਹੰਕਾਰ ਨੂੰ ਤਿਆਗ ਕੇ, ਇਹ ਮਿਲਾਪ ਦਾ ਆਨੰਦ ਮਾਣਦਾ ਹੈ; ਇਹ ਭਾਵ ਸਦਭਾਵਨਾਪੂਰਨ ਜੀਵਨ ਲਈ ਹਉਮੈ ਨੂੰ ਖਤਮ ਕਰਨ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ।

ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਸਰੀਰ ਅਤੇ ਮਨ ਦੋਵਾਂ ਨੂੰ ਭੇਟ ਕਰ, ਇਹ ਹਰ ਦੂਰੀ ਖਤਮ ਕਰ ਦਿੰਦਾ ਹੈ। ਇਹ ਭਾਵ ਸਮਰਪਣ ਨੂੰ ਦਰਸਾਉਂਦਾ ਹੈ, ਤੇਰ-ਮੇਰ ਪੈਦਾ ਕਰਨ ਵਾਲੀਆਂ ਰੇਖਾਵਾਂ ਨੂੰ ਭੰਗ ਕਰਦਾ ਹੈ, ਜਿਸ ਨਾਲ ਏਕਤਾ ਦੀ ਗੂੜ੍ਹ ਭਾਵਨਾ ਪੈਦਾ ਹੁੰਦੀ ਹੈ।

ਅਵਰਾ ਦੇਖਿ ਨ ਸੁਨੈ ਅਭਾਖੈ ॥੧॥
ਇਹ ਦੂਜਿਆਂ ਨੂੰ ਦੇਖਦਾ, ਸੁਣਦਾ ਜਾਂ ਉਨ੍ਹਾਂ ਨਾਲ ਗੱਲਬਾਤ ਨਹੀਂ ਕਰਦਾ। ਇਹ ਭਾਵ ਧਿਆਨ ਦੀ ਇਕਾਗਰਤਾ ਨੂੰ ਦਰਸਾਉਂਦਾ ਹੈ ਜੋ ਕਿਸੇ ਪ੍ਰਮਾਣਿਕਤਾ ਦੀ ਮੰਗ ਨਹੀਂ ਕਰਦਾ, ਅਤੇ ਦਵੈਤ ਦੇ ਰੋਲੇ ਨੂੰ ਨਜ਼ਰਅੰਦਾਜ਼ ਕਰਦਾ ਹੋਇਆ, ਇੰਦ੍ਰਆਵੀ ਸੰਸਾਰ ਦੀਆਂ ਭਟਕਣਾਂ ਤੋਂ ਨਿਰਲੇਪ ਰਹਿੰਦਾ ਹੈ। (੧)

ਸੋ ਕਤ ਜਾਨੈ ਪੀਰ ਪਰਾਈ ॥

ਕੋਈ ਦੂਜੇ ਦੀ ਪੀੜਾ ਨੂੰ ਸੱਚਮੁੱਚ ਕਿਵੇਂ ਸਮਝ ਸਕਦਾ ਹੈ? ਵਿਛੋੜੇ ਦੇ ਤੀਬਰ ਦਰਦ ਨੂੰ ਸਿਰਫ਼ ਉਹੀ ਸਮਝ ਸਕਦੇ ਹਨ ਜੋ ਮਿਲਾਪ ਦੇ ਅਨੰਦ ਨੂੰ ਵੀ ਸਮਝਦੇ ਹੋਣ।

ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥

ਜੇਕਰ ਕਿਸੇ ਨੇ ਅੰਦਰੋਂ ਹਮਦਰਦੀ ਅਤੇ ਦਇਆ ਦਾ ਅਨੁਭਵ ਨਹੀਂ ਕੀਤਾ ਹੈ? ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਜਦੋਂ ਵਿਛੋੜੇ ਦਾ ਦਰਦ ਮਹਿਸੂਸ ਕੀਤਾ ਜਾਂਦਾ ਹੈ, ਤਾਂ ਇਹ ਨੇੜਤਾ ਵੱਲ ਲੈ ਜਾ ਸਕਦਾ ਹੈ। (੧)(ਠਹਿਰਾਉ)

ਦੁਖੀ ਦੁਹਾਗਨਿ ਦੁਇ ਪਖ ਹੀਨੀ ॥

ਅਭਾਗਾ, ਖੰਡਿਤ ਮਨ ਦੋਵਾਂ ਪਾਸਿਆਂ ਤੋਂ ਹਾਰਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਿਹੜੇ ਲੋਕ ਆਪਣੇ ਅਸਲ ਸੁਭਾਅ ਤੋਂ ਦੂਰ ਹੋ ਜਾਂਦੇ ਹਨ, ਉਹ ਆਪਣੀ ਅੰਤਰੀਵੀ ਇਕਸਾਰਤਾ ਅਤੇ ਬਾਹਰੀ ਸਥਿਰਤਾ ਦੋਵੇਂ ਗੁਆ ਦਿੰਦੇ ਹਨ।

ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥

ਉਹ ਹੈ ਜੋ ਆਪਣੇ ਜੀਵਨ ਸਾਥੀ ਨਾਲ ਨਿਰੰਤਰ ਤਾਲਮੇਲ ਬਣਾਈ ਰੱਖਣ ਵਿਚ ਅਸਫਲ ਰਹਿੰਦਾ ਹੈ। ਇਹ ਇਕਸਾਰ ਧਿਆਨ ਦੀ ਕਮੀ ਅਤੇ ਵਿਸ਼ਵਵਿਆਪੀ ਜਾਗਰੂਕਤਾ ਨਾਲ ਏਕੀਕਰਨ ਦੀ ਘਾਟ ਨੂੰ ਦੁੱਖ ਦੇ ਮੁੱਖ ਕਾਰਨ ਵਜੋਂ ਦਰਸਾਉਂਦਾ ਹੈ।

ਪੁਰ ਸਲਾਤ ਕਾ ਪੰਥੁ ਦੁਹੇਲਾ ॥

ਖੱਡ ਉੱਤੇ ਬਣਿਆ ਪੁਲ ਤੰਗ ਹੈ ਅਤੇ ਇਸ ਨੂੰ ਪਾਰ ਕਰਨਾ ਮੁਸ਼ਕਲ ਹੈ। ਨਰਕ ਦਾ ਇਹ ਅਲੰਕਾਰਿਕ ਹਵਾਲਾ ਨਕਾਰਾਤਮਕ ਦਵੰਦਵਾਦੀ ਮਾਨਸਿਕਤਾ ਦਾ ਪ੍ਰਤੀਕ ਹੈ, ਜੋ ਕਿ ਥਕਾ ਦੇਣ ਵਾਲਾ ਹੋ ਸਕਦਾ ਹੈ।

ਸੰਗਿ ਨ ਸਾਥੀ ਗਵਨੁ ਇਕੇਲਾ ॥੨॥

ਕੋਈ ਸਾਥੀ ਨਹੀਂ ਹੁੰਦਾ; ਆਪੇ ਨੂੰ ਇਕੱਲਿਆਂ ਯਾਤਰਾ ਕਰਨੀ ਪੈਂਦੀ ਹੈ। ਇਹ ਅੰਤਰੀਵੀ ਵਿਛੋੜੇ ਦੇ ਇਕੱਲੇਪਨ ਦੀ ਪ੍ਰਵਿਰਤੀ 'ਤੇ ਜ਼ੋਰ ਦਿੰਦਾ ਹੈ, ਇਸਨੂੰ ਬਿਬੇਕ ਅਤੇ ਜਾਗਰੂਕਤਾ ਦੀ ਸੰਗਤ ਤੋਂ ਅਲੱਗ ਕਰਦਾ ਹੈ। (੨)

ਦੁਖੀਆ ਦਰਦਵੰਦੁ ਦਰਿ ਆਇਆ ॥

ਪ੍ਰੇਸ਼ਾਨ, ਦਰਦ ਨਾਲ ਪੀੜਿਤ, ਆਪਣੇ ਅੰਤਹਕਰਣ ਦੇ ਦਰ ‘ਤੇ ਖੜ੍ਹਾ ਹੈ। ਇਹ ਉਸ ਪਲ ਨੂੰ ਦਰਸਾਉਂਦਾ ਹੈ ਜਿੱਥੇ ਅਗਿਆਨਤਾ ਖਤਮ ਹੋ ਜਾਂਦੀ ਹੈ ਅਤੇ ਹਉਮੈ ਆਤਮ ਸਮਰਪਣ ਕਰਦੀ ਹੋਈ, ਜਾਗਰੂਕਤਾ ਵਿਚ ਸ਼ਰਨ ਲੈਂਦੀ ਹੈ।

ਬਹੁਤੁ ਪਿਆਸ ਜਬਾਬੁ ਨ ਪਾਇਆ ॥

ਸਪੱਸ਼ਟਤਾ ਦੀ ਤੀਬਰ ਪਿਆਸ ਦੇ ਬਾਵਜੂਦ, ਕੋਈ ਜਵਾਬ ਨਹੀਂ ਮਿਲਿਆ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸਾਡਾ ਗਿਆਨ ਅਜੇ ਤੱਕ ਤੱਤਸਾਰ ਨਾਲ ਗੂੰਜਣ ਲਈ ਇੰਨਾ ਗੂੜ੍ਹ ਨਹੀਂ ਹੋਇਆ ਹੈ, ਜਿਸ ਕਾਰਨ ਅਸੰਤੁਸ਼ਟੀ ਪੈਦਾ ਹੁੰਦੀ ਹੈ।

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥

ਰਵਿਦਾਸ ਕਹਿੰਦੇ ਹਨ ਕਿ ਮੈਂ ਸਰਬ-ਵਿਆਪੀ ਦੀ ਸ਼ਰਨ ਵਿਚ ਆ ਚੁੱਕਾ ਹਾਂ। ਇਹ ਭਾਵ ਪੂਰੀ ਤਰ੍ਹਾਂ ਛੱਡ ਦੇਣ ਅਤੇ ਆਪਣੇ ਆਪ ਨੂੰ ਸੰਪੂਰਨ ਰੂਪ ਵਿਚ ਵਿਸ਼ਵਵਿਆਪੀ ਜਾਗਰੂਕਤਾ ਦੇ ਅੱਗੇ ਸਮਰਪਿਤ ਕਰਨ ਦੇ ਅੰਤਮ ਕਾਰਜ ਨੂੰ ਦਰਸਾਉਂਦਾ ਹੈ।

ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥

ਜੋ ਕੁਦਰਤ ਦੇ ਨਿਯਮਾਂ, ਮੇਰੀ ਅਵਸਥਾ ਅਤੇ ਵਿਕਾਸ ਦੇ ਅਨੁਸਾਰ ਹੈ, ਉਹ ਉਸ ਅਨੁਸਾਰ ਪ੍ਰਗਟ ਹੋਵੇਗਾ। ਇਹ ਭਾਵ ਖੁੱਲ੍ਹੇਪਨ ਅਤੇ ਨਿਯੰਤਰਣ ਛੱਡਣ ਦੇ ਅੰਤਮ ਕਾਰਜ ਨੂੰ ਦਰਸਾਉਂਦਾ ਹੈ। (੩)(੧)

ਤੱਤ: ਭਗਤ ਰਵਿਦਾਸ ਪ੍ਰਗਟ ਕਰਦੇ ਹਨ ਕਿ ਹਕੀਕਤ ਵੱਲ ਯਾਤਰਾ ਇਕ ਅਜਿਹੀ ਜਗਿਆਸਾ ਹੈ, ਅਤੇ ਅਸੀਂ ਇਸਨੂੰ ਉਦੋਂ ਤੱਕ ਪੂਰਾ ਨਹੀਂ ਕਰ ਸਕਦੇ ਜਦੋਂ ਤੱਕ ਸਾਡਾ ਅੰਤਹਕਰਣ ਹਉਮੈਂ ਅਤੇ ਜਟਿਲ

ਮਨੋਬਿਰਤੀ ਦਾ ਸੰਗੀ ਰਹਿੰਦਾ ਹੈ। ਪਰਮ ਸਤਾ ਨਾਲ ਆਪਣਾ ਸੰਬੰਧ ਜੋੜਣ ਲਈ "ਮੈਂ" ਦੀ ਭਾਵਨਾ ਨੂੰ ਪੂਰਨ ਰੂਪ ਵਿਚ ਤਿਆਗਣ ਦੀ ਲੋੜ ਹੁੰਦੀ ਹੈ, ਭਾਵੇਂ ਇਸ ਪੇਚੀਦਾ ਭਾਵਨਾਤਮਕ ਖੰਡ ਵਿਚਲੀ ਯਾਤਰਾ ਚੁਣੌਤੀਪੂਰਨ ਹੀ ਕਿਉਂ ਨਾ ਹੋਵੇ। ਭਗਤ ਰਵਿਦਾਸ ਹਕੀਕਤ ਦੇ ਕੰਢੇ 'ਤੇ ਖੜ੍ਹੇ ਬੇਚੈਨ ਦੁੱਖੀ ਮਨ ਦੀ ਨਵਿਰਤੀ ਲਈ ਤਹਿਦਿਲੋਂ ਜੋਦੜੀ ਕਰਦੇ ਹਨ। ਇਹ ਅਰਦਾਸ ਇਸ ਤੱਥ ਨੂੰ ਉਜਾਗਰ ਕਰਦੀ ਹੈ ਕਿ ਨਿਮਰਤਾ ਜਾਗਰੂਕਤਾ ਦਾ ਪ੍ਰਵੇਸ਼ ਦੁਆਰ ਹੈ ਜੋ ਕਿਸੇ ਵੀ ਜਗਿਆਸਾ ਨੂੰ ਸੰਤੁਸ਼ਟ ਕਰ ਸਕਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**